ੴ ਸਤਿਗੁਰ ਪ੍ਰਸਾਦਿ ॥

# ਸ: ਜਵੰਦ ਸਿੰਘ

## ਅੰਗ੍ਰੇਜ਼ੀ ਕਾਲ ਵਿਚ ਸਿੱਖਾਂ ਦਾ ਅਜ਼ਾਦੀ ਲਈ ਘੋਲ

### ਮੁੱਖ ਟੀਚਾ

ਸਿਰਫ ਯੁਵਾ ਪੀੜੀ ਨੂੰ ਦੇਸ਼ ਅਜ਼ਾਦ ਕਰਾਉਂਣ ਲਈ ਸਿੱਖਾਂ ਦੁਆਰਾ ਕੀਤਾ ਗਿਆ ਸੰਗ੍ਰਸ਼ ਦਾ ਬੋੱਧ ਕਰਾਣਾਂ ਹੀ ਹੈ।

ਪ੍ਰਕਾਸ਼ਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਰ ਚੈਰਿਟੇਬਲ ਟਰਸਟ, ਚੰਡੀਗੜ੍ਹ

Type Setting : Radheshyam Choudhary

Mob.: 098149-66882

Download Free

# ਸ: ਜਵੰਦ ਸਿੰਘ

ਭਾਰਤ ਦੀ ਆਜ਼ਾਦੀ ਲਈ ਪਹਿਲਾ ਉਪਰਾਲਾ ਉਹਨਾਂ ਭਾਰਤੀਆਂ ਨੇ ਕੀਤਾ ਜੋ ਬਦੇਸ਼ਾਂ ਨੂੰ ਰੁਜ਼ਗਾਰ ਜਾਂ ਪੜ੍ਹਨ ਦੀ ਨੀਅਤ ਨਾਲ ਗਏ ਸਨ। ਬਾਹਰ ਜਾ ਕੇ ਉਹਨਾਂ ਨੂੰ ਆਪਣੀ ਤਰਸਯੋਗ ਹਾਲਤ ਤੇ ਗ਼ੁਲਾਮੀ ਦੇ ਪ੍ਰਤੀਕਰਮ ਦਾ ਪਤਾ ਲੱਗਾ ਤੇ ਫ਼ੌਰਨ ਉਹਨਾਂ ਦੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਜਥੇਬੰਦ ਹੋਣ ਦੇ ਉਪਰਾਲੇ ਕਰਨ ਦੀ ਸੋਚੀ। ਇਹਨਾਂ ਵਿਚੋਂ ਕੈਨੇਡਾ ਵਿਚ ਸਭ ਤੋਂ ਜ਼ਿਆਦਾ ਜੋਸ਼ ਪੈਦਾ ਹੋਇਆ ਤੇ ਉਹਨਾਂ ਨੇ ਪਹਿਲਾਂ ਅੰਗਰੇਜ਼ ਸਰਕਾਰ ਨਾਲ ਟੱਕਰ ਲੈਣ ਦੀ ਧਾਰੀ। ਕਾਮਾਗਾਟਾਮਾਰੂਜਹਾਜ਼ ਦੇ ਵਾਪਸ ਪਰਤਣ ਤੇ ਬਜਬਜ ਘਾਟ ਤੇ ਹੋਏ ਸਾਕੇ ਨੇ ਉਹਨਾਂ ਨੂੰ ਹਲੂਣ ਦਿਤਾ ਤੇ ਉਹ ਉਸ ਗ਼ਦਰ ਪਾਰਟੀ ਨਾਲ ਜੁੜ ਗਏ ਜੋ ਅਮਰੀਕਾ ਤੇ ਕੈਨੇਡਾ ਦੇ ਦੇਸ਼ ਭਗਤ ਭਾਰਤੀਆਂ ਨੇ ਹੀ ਬੰਨ੍ਹਿਆ ਸੀ। ਕੈਨੇਡਾ ਤੋਂ ਉਠ ਕੇ ਭਾਰਤ ਪਰਤੇ ਦੇਸ਼ ਭਗਤਾਂ ਵਿਚੋਂ ਇਕ ਦਾ ਨਾਮ ਸ: ਜਵੰਦ ਸਿੰਘ ਸੀ।

ਸ: ਜਵੰਦ ਸਿੰਘ ਨੰਗਲ ਜ਼ਿਲ੍ਹਾ ਹੁਸ਼ਿਆਰਪੁਰ ਦੇ ਜੰਮਪਲ ਸਨ ਤੇ ਅਨੇਕਾਂ ਹੋਰ ਦੁਆਬੀਆਂ ਨਾਲ ਨਾਲ ਰਲ ਕੇ ਵੀਹਵੀਂ ਸਦੀ ਦੇ ਸ਼ੁਰੂਵਿਚ ਕੈਨੇਡਾ ਜਾ ਵਸੇ ਸਨ। ਜਦੋਂ ਉਥੇ ਅੰਗਰੇਜ਼ਾਂ ਨੇ ਭਾਰਤੀਆਂ ਦੇ ਦਾਖ਼ਲੇ ਤੇ ਪਾਬੰਦੀਆਂ ਲਾਈਆਂ ਤੇ ਭਾਰਤੀਆਂ ਨੂੰ ਗ਼ੁਲਾਮ ਦੇਸ਼ ਦੇ ਵਸਨੀਕ ਸਮਝ ਕੇ ਘਟੀਆ ਵਰਤਾਉ ਸ਼ੁਰੂਕੀਤਾ ਤਾਂ ਜਿਹਨਾਂ ਜਵਾਨਾਂ ਦੇ ਮਨ ਆਜ਼ਾਦੀ ਦੀ ਪ੍ਰਾਪਤੀ ਲਈ ਤੜਫ਼ ਉਠੇ ਉਹਨਾਂ ਵਿਚ ਭਾਈ ਜਵੰਦ ਸਿੰਘ ਨੰਗਲ ਵੀ ਸ਼ਾਮਲ ਸਨ। ਉਹਨਾਂ ਨੇ ਦੇਸ਼ ਭਗਤ ਭਾਰਤੀਆਂ ਦੀਆਂ ਮੀਟਿੰਗਾਂ ਵਿਚ ਜਾਣਾ ਸ਼ੁਰੂਕਰ ਦਿਤਾ ਤੇ ਆਪਣੇ ਕੰਮ ਤੋਂ ਜਿਹੜਾ ਵਕਤ ਵਾਧੂਮਿਲਦਾ, ਉਹ ਆਜ਼ਾਦੀ ਦੇ ਅੰਦੋਲਨਾਂ ਦੀ ਤਿਆਰੀ ਵਿਚ ਲਾ ਦਿੰਦੇ। ਕੈਨੇਡਾ ਵਿਚ ਗ਼ਦਰ ਪਾਰਟੀ ਦੇ ਮੋਢੀਆਂ ਵਿਚੋਂ ਆਪ ਇਕ ਸਨ।

ਜਦ ਦੇਸ਼ ਭਗਤਾਂ ਨੇ ਫ਼ੈਸਲਾ ਕੀਤਾ ਕਿ ਦੇਸ਼ ਵਾਪਸ ਚਲ ਕੇ ਆਜ਼ਾਦੀ ਦਾ ਜੰਗ ਲੜਿਆ ਜਾਵੇ ਤਾਂ ਹਜ਼ਾਰਾਂ ਭਾਰਤੀਆਂ ਨੇ, ਜਿਹਨਾਂ ਵਿਚ ਬਹੁਗਿਣਤੀ ਸਿੱਖਾਂ ਦੀ ਸੀ,

ਆਪਣੇ ਕੰਮ ਛੱਡ ਦਿਤੇ ਤੇ ਦੇਸ਼ ਨੂੰ ਵਹੀਰਾਂ ਪਾ ਦਿਤੀਆਂ। ਗ਼ਦਰੀਆਂ ਦਾ ਸਭ ਤੋਂ ਪਹਿਲਾ ਜਹਾਜ਼ 12 ਅਕਤੂਬਰ 1914 ਈ: ਨੂੰ ਕਲਕੱਤੇ ਪਹੁੰਚਿਆ। ਇਸ ਜਹਾਜ਼ ਵਿਚ 57 ਭਾਰਤੀ ਸਨ। ਦੂਜਾ ਜਹਾਜ਼ ਅਗਲੇ ਦਿਨ 13 ਅਕਤੂਬਰ ਨੂੰ ਕਲਕੱਤੇ ਪਹੁੰਚ ਗਿਆ। ਇਸ ਜਹਾਜ਼ ਦਾ ਨਾਮ 'ਨਾਮਸੰਗ' ਸੀ। ਇਸ ਵਿਚ ਭਾਈ ਸੋਹਣ ਸਿੰਘ ਭਕਨਾ, ਭਾਈ ਜਵੰਦ ਸਿੰਘ ਨੰਗਲ ਸਮੇਤ 80 ਭਾਰਤੀ ਸਨ। ਅੰਗਰੇਜ਼ ਸਰਕਾਰ ਨੂੰ ਪਹਿਲਾਂ ਹੀ ਪਤਾ ਲਗ ਗਿਆ ਸੀ। ਇਸ ਲਈ ਜਹਾਜ਼ਾਂ ਨੂੰ ਕਲਕੱਤੇ ਰੋਕ ਕੇ ਉਹਨਾਂ ਦੀਆਂ ਤਲਾਸ਼ੀਆਂ ਲਈਆਂ ਗਈਆਂ ਤੇ ਸਭ ਨੂੰ ਲੁਧਿਆਣੇ ਹਾਜ਼ਰ ਹੋਣ ਦਾ ਹੁਕਮ ਦੇ ਕੇ ਪੰਜਾਬ ਵਲ ਗੱਡੀਆਂ ਤੇ ਚਾੜ੍ਹ ਦਿਤੇ ਗਏ। ਫਿਰ ਉਥੇ ਹੀ ਬਹੁਤ ਸਾਰੇ ਆਗੂਇਸ ਸਮੇਂ ਗ੍ਰਿਫ਼ਤਾਰ ਕਰ ਲਏ, ਪਰ ਸ: ਜਵੰਦ ਸਿੰਘ ਨੰਗਲ ਬਚ ਕੇ ਪੰਜਾਬ ਅਪੜ ਗਏ।

ਪੰਜਾਬ ਵਿਚ ਗ਼ਦਰ ਪਾਰਟੀ ਦੇ ਵਰਕਰਾਂ ਨੇ ਜਥੇਬੰਦ ਹੋ ਕੇ ਪਿੰਡਾਂ ਵਿਚ ਪਹਿਲਾਂ ਲੋਕਾ ਨੂੰ ਇਨਕਲਾਬ ਲਈ ਤਿਆਰ ਕਰਨਾ ਸ਼ੁਰੂਕਰ ਦਿਤਾ। ਪਿੰਡਾਂ ਵਿਚ ਜਾ ਕੇ ਗ਼ਦਰ ਪਾਰਟੀ ਦਾ ਪ੍ਰੋਗਰਾਮ ਤੇ ਨਿਸ਼ਾਨਾ ਲੋਕਾਂ ਨੂੰ ਸਮਝਾਂਦੇ ਤੇ ਗ਼ਦਰ ਪਾਰਟੀ ਵਲੋਂ ਛਪਾਈਆਂ ਚੀਜ਼ਾਂ ਵੰਡਦੇ। ਜ਼ਿਲ੍ਹੇਵਾਰ ਇਸ ਕੰਮ ਦੇ ਇੰਚਾਰਜ ਨਿਯਤ ਕੀਤੇ ਗਏ। ਸ: ਜਵੰਦ ਸਿੰਘ ਨੰਗਲ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦਾ ਪ੍ਰਬੰਧਕ ਨਿਯਤ ਕੀਤਾ ਗਿਆ। ਉਹਨਾਂ ਨੇ ਜ਼ਿਲੇ ਵਿਚ ਥਾਂ ਥਾਂ ਫਿਰ ਕੇ ਦੱਸਿਆ ਕਿ ਗ਼ਦਰ ਪਾਰਟੀ ਕੀ ਧਾਰ ਕੇ ਬਾਹਰੋਂ ਵਰਕਰ ਲਿਆਈ ਏ ਤੇ ਕਿਵੇਂ ਐਲਾਨੇ-ਜੰਗ ਅੰਗਰੇਜ਼ ਸਰਕਾਰ ਵਿਰੁੱਧ ਕਰ ਦਿਤਾ ਗਿਆ ਹੈ। ਬੀਬੀ ਗੁਲਾਬ ਕੌਰ ਤੇ ਸ: ਜਵੰਦ ਸਿੰਘ ਨੇ ਹੁਸ਼ਿਆਰਪੁਰ ਵਿਚ ਬੜੀ ਰਾਜਸੀ ਜਾਗਰਤ ਲਿਆਂਦੀ।

ਜਦੋਂ ਗ਼ਦਰ ਪਾਰਟੀ ਨੂੰ ਮਾਇਆ ਦੀ ਤੰਗੀ ਆ ਗਈ ਤੇ ਉਪਰੋਂ ਖ਼ਰਚ ਬਹੁਤ ਵਧ ਗਏ ਤਾਂ ਆਗੂਆਂ ਨੇ ਸਲਾਹ ਬਣਾਈ ਕਿ ਡਾਕੇ ਮਾਰੇ ਜਾਣ। ਅਸਲਾ ਖ਼ਰੀਦਣ ਲਈ ਬਹੁਤ ਵੱਡੀਆਂ ਰਕਮਾਂ ਚਾਹੀਦੀਆਂ ਸਨ। ਸ਼ਹਿਰਾਂ ਵਿਚ ਲਏ ਮਕਾਨਾਂ ਦੇ ਕਿਰਾਏ ਦੇਣੇ ਸਨ। ਇਸ ਲਈ ਡਾਕੇ ਮਾਰਨ ਦਾ ਕੰਮ ਜਿਹਨਾਂ ਨੇ ਆਪਣੇ ਜ਼ਿੰਮੇ ਲਿਆ, ਉਹਨਾਂ ਵਿਚ ਸ: ਜਵੰਦ ਸਿੰਘ

ਨੰਗਲ ਵੀ ਸਨ। ਇਹਨਾਂ ਨੇ ਜਿਥੇ ਵੀ ਡਾਕਾ ਮਾਰਿਆ ਉਥੇ ਯਤਨ ਕੀਤਾ ਕਿ ਜਾਨੀ ਨੁਕਸਾਨ ਨਾ ਹੋਵੇ। ਲੋਕਾਂ ਨੂੰ ਇਕਰਾਰ ਵੀ ਕੀਤੇ ਕਿ ਗਿਣ ਕੇ ਰਕਮ ਲਿਜਾ ਰਹੇ ਹਾਂ, ਅੰਦੋਲਨ ਸਫ਼ਲ ਹੋਣ ਪਿਛੋਂ ਰਕਮਾਂ ਮੋੜ ਦਿਤੀਆਂ ਜਾਣਗੀਆਂ।

ਜਦ 21 ਫ਼ਰਵਰੀ 1915 ਈ: ਨੂੰ ਇਨਕਲਾਬ ਦਾ ਦਿਨ ਨਿਯਤ ਕੀਤਾ ਗਿਆ ਤਾਂ ਸਾਰੇ ਮੁਖੀਆਂ ਨੇ ਵਖ ਛਾਉਣੀਆਂ ਵਿਚ ਜਾ ਕੇ ਫ਼ੌਜ ਨੂੰ ਜਥੇਬੰਦ ਕਰਨ ਦਾ ਫ਼ੈਸਲਾ ਕੀਤਾ। ਸ: ਜਵੰਦ ਸਿੰਘ ਨੰਗਲ ਦੇ ਜ਼ਿੰਮੇ ਕਪੂਰਥਲਾ ਲਾਇਆ ਗਿਆ। ਉਹਨਾਂ ਨੇ ਜਾ ਕੇ ਪਤਾ ਕੀਤਾ ਕਿ ਉਥੋਂ ਕਿੰਨੇ ਕੁ ਆਦਮੀ ਇਸ ਇਨਕਲਾਬ ਵਿਚ ਸਰਗਰਮ ਹੋ ਕੇ ਸ਼ਾਮਲ ਹੋਣ ਲਈ ਤਿਆਰ ਹਨ। ਇਥੋਂ ਪਰਤ ਕੇ ਆਪ ਲਾਹੌਰ ਗਏ। 14 ਫ਼ਰਵਰੀ ਨੂੰ ਗ਼ਦਰ ਪਾਰਟੀ ਦੀ ਹਾਈ ਕਮਾਨ ਦੀ ਅੰਤਿਮ ਮੀਟਿੰਗ ਹੋ ਰਹੀ ਸੀ। ਇਥੇ ਸਾਰੀ ਹਾਲਤ ਤੇ ਵਿਚਾਰ ਕੀਤਾ ਗਿਆ ਤੇ ਫੇਰ ਆਪਣੇ ਆਪਣੇ ਕੰਮ ਤੇ ਸਭ ਤੁਰ ਗਏ। ਫ਼ੈਸਲਾ ਕੀਤਾ ਗਿਆ ਕਿ ਸ: ਜਵੰਦ ਸਿੰਘ ਨੰਗਲ ਕੁਝ ਆਦਮੀਆਂ ਸਮੇਤ 20 ਫ਼ਰਵਰੀ ਨੂੰ ਦੁਰਾਹੇ ਦੀ ਨਹਿਰ ਦੇ ਪੁਲ ਤੇ ਲਈ ਪੁਲਸ ਗਾਰਦ ਤੋਂ ਬੰਦੂਕਾਂ ਖੋਹਣ। ਇਹ ਉਥੇ ਪਹੁੰਚ ਗਏ, ਪਰ ਅੰਗੋਂ ਪੁਲਸ ਬਹੁਤ ਹੀ ਸਾਵਧਾਨ ਹੋ ਕੇ ਖੜ੍ਹੀ ਸੀ ਜਿਸ ਕਰਕੇ ਹਮਲਾ ਸਫ਼ਲ ਨਹੀਂ ਸੀ ਹੋ ਸਕਦਾ, ਇਸ ਕਰਕੇ ਇਹ ਵਾਪਸ ਪਰਤ ਆਏ। ਉਧਰੋਂ 21 ਫ਼ਰਵਰੀ ਦਾ ਇਨਕਲਾਬ ਫੇਲ੍ਹ ਹੋ ਗਿਆ ਤੇ ਬਹੁਤ ਸਾਰੇ ਲੀਡਰ ਫੜੇ ਗਏ।

82 ਗ਼ਦਰੀ ਲੀਡਰਾਂ 'ਤੇ ਲਾਹੌਰ ਦਾ ਇਕ ਸਾਜ਼ਸ਼ ਕੇਸ ਚਲਿਆ । ਸ: ਜਵੰਦ ਸਿੰਘ ਨੰਗਲ ਤੇ 16 ਹੋਰ ਵਰਕਰਾਂ ਨੂੰ ਮਫ਼ਰੂਰ ਨੂੰ ਕਰਾਰ ਦਿਤਾ ਗਿਆ ਤੇ ਮੁਕੱਦਮੇ ਦੀ ਕਾਰਵਾਈ ਸ਼ੁਰੂਕਰ ਦਿਤੀ ਗਈ। ਨੰਗਲ ਕਲਾਂ ਦੇ ਜ਼ੈਲਦਾਰ ਨੰਦਾ ਸਿੰਘ ਤੋਂ ਗ਼ਦਰੀ ਬਹੁਤ ਔਖੇ ਸਨ, ਕਿਉਂਕਿ ਉਹਨੇ ਭਾਈ ਪਿਆਰਾ ਸਿੰਘ ਲੰਗੇਰੀ ਨੂੰ ਗ੍ਰਿਫ਼ਤਾਰ ਕਰਵਾਇਆ ਸੀ। ਇਹਨੂੰ ਕੁਝ ਗ਼ਦਰੀਆਂ ਨੇ ਮਾਰ ਦਿਤਾ। ਇਸ ਦੋਸ਼ ਵਿਚ ਦੋ ਆਦਮੀ ਫੜ ਕੇ ਫਾਂਸੀ ਲਾ ਦਿਤੇ ਗਏ ਤੇ ਤੀਜੇ ਦੋਸ਼ੀ ਸ: ਜਵੰਦ ਸਿੰਘ ਨੰਗਲ ਨੂੰ ਮਫ਼ਰੂਰ ਕਰਾਰ ਦੇ ਦਿਤਾ ਗਿਆ।

ਫੇਰ ਅੰਮ੍ਰਿਤਸਰ ਵਾਲੀ ਨਹਿਰ ਦੇ ਪੁਲ ਤੋਂ ਫ਼ੌਜੀਆਂ ਤੋਂ ਹਥਿਆਰ ਖੋਹਣ ਦਾ ਮਤਾ ਪਕਾਇਆ ਗਿਆ। ਸ: ਜਵੰਦ ਸਿੰਘ ਤੇ ਬੰਤਾ ਸਿੰਘ ਦੀ ਅਗਵਾਈ ਵਿਚ ਇਕ ਰਾਤ ਸੰਤਰੀ ਨੂੰ ਮਾਰ ਕੇ ਗਾਰਦ ਦਾ ਅਸਲਾ ਖੋਹ ਲਿਆ ਗਿਆ। ਫਿਰ ਫ਼ੌਜੀ ਵਰਦੀਆਂ ਪਾ ਕੇ ਗ਼ਦਰੀ ਖਿੰਡ ਪੁੰਡ ਗਏ। ਉਸ ਤੋਂ ਪਿਛੋਂ ਕਈ ਥਾਂ ਪੁਲਸ ਨੇ ਘੇਰਿਆ ਪਰ ਹਰ ਵਾਰ ਉਹ ਬਚ ਕੇ ਨਿਕਲ ਜਾਂਦੇ ਰਹੇ।

ਅਖ਼ੀਰ ਸ: ਜਵੰਦ ਸਿੰਘ ਨੰਗਲ 28 ਮਾਰਚ 1917 ਈਸਵੀ ਨੂੰ ਕਲਵਾਲ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਗ੍ਰਿਫ਼ਤਾਰ ਕਰ ਲਏ ਗਏ। 21 ਮਈ ਨੂੰ ਪੰਜਵੇਂ ਲਾਹੌਰ ਸਾਜ਼ਸ਼ ਕੇਸ ਵਿਚ ਰਖ ਕੇ 26 ਮਈ 1917 ਈਸਵੀਂ ਨੂੰ ਫਾਂਸੀ ਲਾ ਕੇ ਸ਼ਹੀਦ ਕਰ ਦਿਤਾ ਗਿਆ। ਗ਼ਦਰ ਲਹਿਰ ਦੇ ਇਤਿਹਾਸ ਵਿਚ ਸ: ਜਵੰਦ ਸਿੰਘ ਨੰਗਲ ਦਾ ਨਾਮ ਵੀ ਸਦਾ ਅਮਰ ਰਹੇਗਾ।


## ਪ੍ਰਸਤੁਤ ਕਰਤਾ : ਜਸਬੀਰ ਸਿੰਘ

**Ph. : (0172-2696891)**

**Mob. : 099881-60484**



Type Setting : Radheshyam Choudhary

Mob.: 098149-66882

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में अवश्य देखें तथा पढ़ें।

# www.sikhworld.info
# or
# www.sikhhistory.in


E-mail : info@sikhworld.info
&
jasbirsikhworldinfo@gmail.com


ਉਪਰੋਕਤ ਵੈਬ ਸਾਇਟ ਵਿੱਚ ਦਸ ਗੁਰੂਸਾਹਿਬਾਂਨ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜੋ ਜੀ।

## ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਇਸ ਵਿਚ ਹੈ ਇਸ ਵਿਸਾਲ ਸਿੱਖ ਸੰਗ੍ਰਹਾਲਯ (Museum)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵ੍ਰਿਤਾਤਾਂ ਨਾਲ ਸਮਬੰਦਿਤ ਘਟਨਾ ਕਰਮ ਦੀਆਂ ਤਸਵੀਰਾਂ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਕ ਕਾਲਪਨਿਕ ਤਸਵੀਰਾਂ ਜੋ ਇਤਿਹਾਸ ਦ੍ਰਸਾਂਆਉਦੀਆਂ ਹਨ ਅਤੇ ਉਨ੍ਹਾਂ ਹੇਠ ਹਨ ਹਿੰਦੀ, ਪੰਜਾਬੀ ਵਿਚ ਟਿਪਣੀਆਂ (ਫੁਟਨੋਟ) ਜੋਕਿ ਘਟਨਾਂ ਕਰਮ ਅਤੇ ਇਤਿਹਾਸਿਕ ਪਰਸੰਗਾਂ ਦਾ ਵਰਣਨ ਕਰਿਦਿਆਂ ਹਨ।

**ਨੋਟ :-** ਇਹ ਕਮ ਬੰਚਿਆਂ ਦੀ ਰੁਚੀ ਨੂੰ ਮੁਖ ਰਖਦੇ ਕੀਤਾ ਗਿਆ ਹੈ। ਤਾਕਿ ਉਹ ਸਹਿਜੇ ਹੀ ਅਪਣਾ ਇਤਿਹਾਸ ਜਾਣ ਸਕਣ। ਮੈਂਨੂੰ ਉਮਿਦ ਹੈ ਕਿ ਸਿੱਖ ਜਗਤ ਦੇ ਕਿਸ਼ੋਰ ਅਤੇ ਯੁਵਕ ਇਸ ਵਿਧਿ ਤੋਂ ਲਾਭ ਉਠਾਉਣਗੇ। ਕਿਉਂਕਿ ਇਸ ਵਿਧਿ ਵਿਚ ਅੱਧੀ ਗਲ ਤਸਵੀਰਾਂ ਕਹਿੰਦੀਆਂ ਹਨ ਅਤੇ ਅੱਧੀ ਗਲ ਫੁਟ ਨੋਟ। ਇਸ ਤਰ੍ਹਾਂ ਪਠਕਾਂ ਦੇ ਮਨ ਵਿਚ ਅਪਣੇ ਇਤਿਹਾਸ ਨੂੰ ਪੜਨ ਲਈ ਇੱਛਾ ਜਾਗਰਿਤ ਹੋ ਜਾਂਦੀ ਹੈ।

ਹੁਣ ਤੁਸੀ ਇਸ ਤੋਂ ਅਗੇ ਸਤਾਰਵੀਂ, ਅਠਾਹਰਵੀਂ ਅਤੇ ਉਨ੍ਹੰਵੀਂ ਸੱਦੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਫੁਟ ਨੋਟ ਸਹਿਤ ਵੇਖੋਗੇ। ਇਸ ਦੇ ਨਾਲ ਹੀ ਸਿੱਖ ਮਾਹਾਪੁਰਖਾਂ ਦੇ ਚਿਤਰ ਅਤੇ ਬੁਧੀ ਜੀਵੀਆਂ ਦੇ ਚਿੱਤਰ ਅਤੇ ਟਿਪੜਿਆਂ ਪੜ੍ਹ ਸਕੋਗੇ।

ਕ੍ਰਿਪਾ ਕਰਕੇ ਆਪ ਜੀ ਸਿੱਖ ਮਿਅਉਜਿਯਮ ਤੇ ਜ਼ਰੂਰੀ ਕਿਲੀਕ ਕਰੋਜੀ।


1. ਜੇਕਰ ਕੋਈ ਇਸ ਨੂੰ ਦੁਬਾਰਾ ਪ੍ਰਕਾਸ਼ਿਤ ਕਰਵਾਣਾ ਚਾਹੇ ਤਾਂ ਉਹ ਇਸ ਨੂੰ ਮੁਫ਼ਤ ਵੰਡ ਸਕਦਾ ਹੈ।
2. यदि कोई इसे पुनः प्रकाशित करवाना चाहे तो वह निःशुल्क बटवा सकता है।